ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਨੂੰ ਸ਼੍ਰੀਮਤ ਮਿਲੀ ਹੈ ਕਿ ਆਤਮ - ਅਭਿਮਾਨੀ ਬਣ ਬਾਪ ਨੂੰ ਯਾਦ ਕਰੋ, ਕਿਸੀ ਵੀ ਗੱਲ ਵਿੱਚ ਤੁਹਾਨੂੰ ਬਹਿਸ ਨਹੀਂ ਕਰਨੀ ਹੈ"

ਪ੍ਰਸ਼ਨ:- ਬੁੱਧੀਯੋਗ ਸਵੱਛ ਬਣ ਬਾਪ ਨਾਲ ਲੱਗ ਸੱਕੇ, ਉਸਦੀ ਯੁਕਤੀ ਕਿਹੜੀ ਰਚੀ ਹੋਈ ਹੈ?

ਉੱਤਰ:- 7 ਦਿਨ ਦੀ ਭੱਠੀ। ਕੋਈ ਵੀ ਨਵਾਂ ਆਉਂਦਾ ਹੈ ਤਾਂ ਉਸਨੂੰ 7 ਦਿਨ ਦੇ ਲਈ ਭੱਠੀ ਵਿੱਚ ਬਿਠਾਓ ਜਿਸ ਨਾਲ ਬੁੱਧੀ ਦਾ ਕਿਚੜਾ ਨਿਕਲੇ ਅਤੇ ਗੁਪਤ ਬਾਪ, ਗੁਪਤ ਪੜ੍ਹਾਈ ਅਤੇ ਗੁਪਤ ਵਰਸੇ ਨੂੰ ਪਛਾਣ ਸੱਕਣ। ਜੇਕਰ ਇਵੇਂ ਹੀ ਬੈਠ ਗਏ ਤਾਂ ਮੂੰਝ ਜਾਣਗੇ, ਸਮਝਣਗੇ ਕੁਝ ਨਹੀਂ।

ਗੀਤ:- ਜਾਗ ਸਜਨੀਆਂ ਜਾਗ...

ਓਮ ਸ਼ਾਂਤੀ ਬੱਚਿਆਂ ਨੂੰ ਗਿਆਨੀ ਤੂੰ ਆਤਮਾ ਬਣਾਉਣ ਦੇ ਲਈ ਇਵੇਂ - ਇਵੇਂ ਜੋ ਗੀਤ ਹੈ ਉਹ ਸੁਣਾਕੇ ਫ਼ੇਰ ਉਸਦਾ ਅਰ੍ਥ ਕਰਨਾ ਚਾਹੀਦਾ ਤਾਂ ਵਾਣੀ ਖੁੱਲ੍ਹੇਗੀ। ਪਤਾ ਪਵੇਗਾ ਕਿ ਕਿੱਥੇ ਤੱਕ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਗਿਆਨ ਬੁੱਧੀ ਵਿੱਚ ਹੈ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਤਾਂ ਉਪਰ ਤੋਂ ਲੈਕੇ ਮੂਲਵਤਨ, ਸੂਖਸ਼ਮਵਤਨ, ਸਥੂਲਵਤਨ ਦੇ ਆਦਿ - ਮੱਧ - ਅੰਤ ਦਾ ਸਾਰਾ ਰਾਜ਼ ਜਿਵੇਂ ਕਿ ਚਮਕਦਾ ਹੈ। ਬਾਪ ਦੇ ਕੋਲ ਵੀ ਇਹ ਗਿਆਨ ਹੈ ਜੋ ਤੁਹਾਨੂੰ ਸੁਣਾਉਂਦੇ ਹਨ। ਇਹ ਹੈ ਬਿਲਕੁਲ ਨਵਾਂ ਗਿਆਨ। ਭਾਵੇਂ ਸ਼ਾਸਤ੍ਰ ਆਦਿ ਵਿੱਚ ਨਾਮ ਹੈ ਪਰ ਉਹ ਨਾਮ ਲੈਣ ਨਾਲ ਅਟਕ ਪੈਣਗੇ, ਡਿਬੇਟ ਕਰਨ ਲੱਗ ਪੈਣਗੇ। ਇੱਥੇ ਤਾਂ ਬਿਲਕੁਲ ਸਿੰਪਲ ਤਰ੍ਹਾਂ ਸਮਝਾਉਂਦੇ ਹਨ - ਭਗਵਾਨੁਵਾਚ, ਮੈਨੂੰ ਯਾਦ ਕਰੋ, ਮੈਂ ਹੀ ਪਤਿਤ - ਪਾਵਨ ਹਾਂ। ਕਦੀ ਵੀ ਕ੍ਰਿਸ਼ਨ ਨੂੰ ਜਾਂ ਬ੍ਰਹਮਾ, ਵਿਸ਼ਨੂੰ, ਸ਼ੰਕਰ ਆਦਿ ਨੂੰ ਪਤਿਤ - ਪਾਵਨ ਨਹੀਂ ਕਹਾਂਗੇ। ਸੂਖਸ਼ਮਵਤਨਵਾਸੀਆਂ ਨੂੰ ਵੀ ਤੁਸੀਂ ਪਤਿਤ - ਪਾਵਨ ਨਹੀਂ ਕਹਿੰਦੇ ਹੋ ਤਾਂ ਸਥੂਲਵਤਨ ਦੇ ਮਨੁੱਖ ਪਤਿਤ - ਪਾਵਨ ਕਿਵੇਂ ਹੋ ਸਕਦੇ? ਇਹ ਗਿਆਨ ਵੀ ਤੁਹਾਡੀ ਬੁੱਧੀ ਵਿੱਚ ਹੀ ਹੈ। ਸ਼ਾਸਤ੍ਰਾਂ ਦੇ ਬਾਰੇ ਵਿੱਚ ਜ਼ਿਆਦਾ ਬਹਿਸ ਕਰਨਾ ਚੰਗਾ ਨਹੀਂ ਹੈ। ਬਹੁਤ ਵਾਦ - ਵਿਵਾਦ ਹੋ ਜਾਂਦਾ ਹੈ। ਇੱਕ - ਦੋ ਨੂੰ ਸੋਟੀਆਂ ਵੀ ਮਾਰਨ ਲੱਗ ਪੈਂਦੇ ਹਨ। ਤੁਹਾਨੂੰ ਤਾਂ ਬਹੁਤ ਸਹਿਜ ਸਮਝਾਇਆ ਜਾਂਦਾ ਹੈ। ਸ਼ਾਸਤ੍ਰਾਂ ਦੀਆਂ ਗੱਲਾਂ ਵਿੱਚ ਟੂ ਮੱਚ ਨਹੀਂ ਜਾਣਾ ਹੈ। ਮੂਲ ਗੱਲ ਹੈ ਹੀ ਆਤਮ ਅਭਿਮਾਨੀ ਬਣਨ ਦੀ। ਆਪਣੇ ਨੂੰ ਆਤਮਾ ਸਮਝਣਾ ਹੈ ਅਤੇ ਬਾਪ ਨੂੰ ਯਾਦ ਕਰਨਾ ਹੈ। ਇਹ ਸ਼੍ਰੀਮਤ ਹੈ ਮੁੱਖ। ਬਾਕੀ ਹੈ ਡਿਟੇਲ। ਬੀਜ਼ ਕਿੰਨਾ ਛੋਟਾ ਹੈ, ਬਾਕੀ ਝਾੜ ਦਾ ਵਿਸਤਾਰ ਹੈ। ਜਿਵੇਂ ਬੀਜ਼ ਵਿੱਚ ਸਾਰਾ ਗਿਆਨ ਸਮਾਇਆ ਹੋਇਆ ਹੈ ਉਵੇਂ ਇਹ ਸਾਰਾ ਗਿਆਨ ਵੀ ਬੀਜ਼ ਵਿੱਚ ਸਮਾਇਆ ਹੋਇਆ ਹੈ। ਤੁਹਾਡੀ ਬੁੱਧੀ ਵਿੱਚ ਬੀਜ਼ ਅਤੇ ਝਾੜ ਆ ਗਿਆ ਹੈ। ਜਿਵੇਂ ਤੁਸੀਂ ਜਾਣਦੇ ਹੋ ਹੋਰ ਕੋਈ ਸਮਝ ਨਾ ਸਕੇ। ਝਾੜ ਦੀ ਉਮਰ ਹੀ ਲੰਬੀ ਲਿਖ ਦਿੱਤੀ ਹੈ। ਬਾਪ ਬੈਠ ਬੀਜ਼ ਅਤੇ ਝਾੜ ਜਾਂ ਡਰਾਮਾ ਚੱਕਰ ਦਾ ਰਾਜ਼ ਸਮਝਾਉਂਦੇ ਹਨ। ਤੁਸੀਂ ਹੋ ਸਵਦਰਸ਼ਨ ਚੱਕਰਧਾਰੀ। ਕੋਈ ਨਵਾਂ ਆਵੇ, ਬਾਬਾ ਮਹਿਮਾ ਕਰਨ ਕਿ ਸਵਦਰਸ਼ਨ ਚੱਕਰਧਾਰੀ ਬੱਚਿਓ, ਤਾਂ ਕੋਈ ਸਮਝ ਨਾ ਸਕੇ। ਉਹ ਤਾਂ ਆਪਣੇ ਨੂੰ ਬੱਚੇ ਹੀ ਨਹੀਂ ਸਮਝਦੇ ਹਨ। ਇਹ ਬਾਪ ਵੀ ਗੁਪਤ ਹੈ ਤਾਂ ਨਾਲੇਜ਼ ਵੀ ਗੁਪਤ, ਵਰਸਾ ਵੀ ਗੁਪਤ ਹੈ। ਨਵਾਂ ਕੋਈ ਵੀ ਸੁਣਕੇ ਮੂੰਝ ਪਵੇਗਾ ਇਸਲਈ 7 ਦਿਨ ਦੀ ਭੱਠੀ ਵਿੱਚ ਬਿਠਾਇਆ ਜਾਂਦਾ ਹੈ। ਇਹ ਜੋ 7 ਰੋਜ਼ ਭਾਗਵਤ ਜਾਂ ਰਾਮਾਇਣ ਆਦਿ ਰੱਖਦੇ ਹਨ, ਅਸਲ ਵਿੱਚ ਇਹ ਇਸ ਵਕ਼ਤ 7 ਦਿਨ ਦੇ ਲਈ ਭੱਠੀ ਵਿੱਚ ਰੱਖਿਆ ਜਾਂਦਾ ਹੈ ਤਾਂ ਬੁੱਧੀ ਵਿੱਚ ਜੋ ਵੀ ਕਿਚੜਾ ਹੈ ਉਹ ਕੱਢਣ ਅਤੇ ਬਾਪ ਨਾਲ ਬੁੱਧੀਯੋਗ ਲੱਗ ਜਾਵੇ। ਇੱਥੇ ਸਭ ਹਨ ਰੋਗੀ। ਸਤਿਯੁਗ ਵਿੱਚ ਇਹ ਰੋਗ ਹੁੰਦੇ ਨਹੀਂ। ਇਹ ਅੱਧਾਕਲਪ ਦਾ ਰੋਗ ਹੈ, 5 ਵਿਕਾਰਾਂ ਦਾ ਰੋਗ ਬੜਾ ਭਾਰੀ ਹੈ। ਉੱਥੇ ਤਾਂ ਦੇਹੀ - ਅਭਿਮਾਨੀ ਰਹਿੰਦੇ ਹਨ, ਜਾਣਦੇ ਹੋ ਅਸੀਂ ਆਤਮਾ ਇੱਕ ਸ਼ਰੀਰ ਛੱਡ ਦੂਜਾ ਲੈਂਦੀ ਹਾਂ। ਪਹਿਲੇ ਤੋਂ ਸ਼ਾਖਸ਼ਤਕਾਰ ਹੋ ਜਾਂਦਾ ਹੈ। ਅਕਾਲੇ ਮ੍ਰਿਤੂ ਕਦੀ ਹੁੰਦੀ ਨਹੀਂ। ਤੁਹਾਨੂੰ ਕਾਲ ਤੇ ਜੀਤ ਪੁਆਈ ਜਾਂਦੀ ਹੈ। ਕਾਲ - ਕਾਲ ਮਹਾਕਾਲ ਕਹਿੰਦੇ ਹਨ। ਮਹਾਕਾਲ ਦਾ ਵੀ ਮੰਦਿਰ ਹੁੰਦਾ ਹੈ। ਸਿੱਖ ਲੋਕਾਂ ਦਾ ਫ਼ੇਰ ਅਕਾਲਤਖ਼ਤ ਹੈ। ਅਸਲ ਵਿੱਚ ਅਕਾਲ ਤਖ਼ਤ ਇਹ ਭ੍ਰਿਕੁਟੀ ਹੈ, ਜਿੱਥੇ ਆਤਮਾ ਵਿਰਾਜਮਾਨ ਹੁੰਦੀ ਹੈ। ਹੁਣ ਆਤਮਾਵਾਂ ਇਸ ਅਕਾਲਤਖ਼ਤ ਤੇ ਬੈਠੀਆਂ ਹਨ। ਇਹ ਬਾਪ ਬੈਠ ਸਮਝਾਉਂਦੇ ਹਨ। ਬਾਪ ਨੂੰ ਆਪਣਾ ਤਖ਼ਤ ਤਾਂ ਹੈ ਨਹੀਂ। ਉਹ ਆਕੇ ਇਨ੍ਹਾਂ ਦਾ ਤਖ਼ਤ ਲੈਂਦੇ ਹਨ। ਇਸ ਤਖ਼ਤ ਤੇ ਬੈਠਕੇ ਤੁਸੀਂ ਬੱਚਿਆਂ ਨੂੰ ਤਾਉਸੀ ਤਖ਼ਤ ਨਸ਼ੀਨ ਬਣਾਉਂਦੇ ਹਨ। ਤੁਸੀਂ ਜਾਣਦੇ ਹੋ ਉਹ ਤਾਉਸੀ ਤਖ਼ਤ ਕਿਵੇਂ ਹੋਵੇਗਾ ਜਿਸ ਤੇ ਲਕਸ਼ਮੀ - ਨਾਰਾਇਣ ਵਿਰਾਜਮਾਨ ਹੁੰਦੇ ਹੋਣਗੇ। ਤਾਉਸੀ ਤਖ਼ਤ ਤਾਂ ਗਾਇਆ ਹੋਇਆ ਹੈ ਨਾ।

ਵਿਚਾਰ ਕਰਨਾ ਹੈ, ਉਨ੍ਹਾਂ ਨੂੰ ਭੋਲਾਨਾਥ ਭਗਵਾਨ ਕਿਉਂ ਕਿਹਾ ਜਾਂਦਾ ਹੈ? ਭੋਲਾਨਾਥ ਭਗਵਾਨ ਕਹਿਣ ਨਾਲ ਬੁੱਧੀ ਉਪਰ ਚਲੀ ਜਾਂਦੀ ਹੈ। ਸਾਧੂ - ਸੰਤ ਆਦਿ ਉਂਗਲੀ ਨਾਲ ਇਸ਼ਾਰਾ ਵੀ ਇਵੇਂ ਦਿੰਦੇ ਹਨ ਨਾ ਕਿ ਉਨ੍ਹਾਂ ਨੂੰ ਯਾਦ ਕਰੋ। ਪੂਰੀ ਤਰ੍ਹਾਂ ਤਾਂ ਕੋਈ ਜਾਣ ਨਹੀਂ ਸਕਦੇ। ਹੁਣ ਪਤਿਤ - ਪਾਵਨ ਬਾਪ ਸਾਮਣੇ ਵਿੱਚ ਆਕੇ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋ ਜਾਵੇ। ਗਰੰਟੀ ਹੈ। ਗੀਤਾ ਵਿੱਚ ਵੀ ਲਿਖਿਆ ਹੋਇਆ ਹੈ ਪਰ ਤੁਸੀਂ ਗੀਤਾ ਦਾ ਇੱਕ ਮਿਸਾਲ ਕੱਢੋਗੇ ਤਾਂ ਉਹ 10 ਕੱਢਣਗੇ, ਇਸਲਈ ਲੋੜ ਨਹੀਂ ਹੈ। ਜੋ ਸ਼ਾਸਤ੍ਰ ਆਦਿ ਪੜ੍ਹੇ ਹੋਏ ਹਨ ਉਹ ਸਮਝਣਗੇ ਅਸੀਂ ਲੜ੍ਹ ਸਕਾਂਗੇ। ਤੁਸੀਂ ਬੱਚੇ ਜੋ ਇਨ੍ਹਾਂ ਸ਼ਾਸਤ੍ਰਾਂ ਆਦਿ ਨੂੰ ਜਾਣਦੇ ਹੀ ਨਹੀਂ ਹੋ, ਤੁਹਾਨੂੰ ਉਨ੍ਹਾਂ ਦਾ ਕਦੇ ਨਾਮ ਵੀ ਨਹੀਂ ਲੈਣਾ ਚਾਹੀਦਾ। ਸਿਰਫ਼ ਬੋਲੋ ਭਗਵਾਨ ਕਹਿੰਦੇ ਹਨ ਮੈਨੂੰ ਆਪਣੇ ਬਾਪ ਨੂੰ ਯਾਦ ਕਰੋ, ਉਨ੍ਹਾਂ ਨੂੰ

ਹੀ ਪਤਿਤ - ਪਾਵਨ ਕਿਹਾ ਜਾਂਦਾ ਹੈ। ਗਾਉਂਦੇ ਵੀ ਹਨ ਪਤਿਤ - ਪਾਵਨ ਸੀਤਾਰਾਮ... ਸੰਨਿਆਸੀ ਲੋਕੀ ਵੀ ਜਿੱਥੇ - ਕਿੱਥੇ ਧੁਨ ਲਗਾਉਂਦੇ ਰਹਿੰਦੇ ਹਨ। ਇਵੇਂ ਮਤ - ਮਤਾਂਤ੍ਰ ਤਾਂ ਬਹੁਤ ਹਨ ਨਾ। ਇਹ ਗੀਤ ਕਿੰਨਾ ਸੋਹਣਾ ਹੈ, ਡਰਾਮਾ ਪਲੈਨ ਅਨੁਸਾਰ ਕਲਪ - ਕਲਪ ਇਵੇਂ ਗੀਤ ਬਣਾਉਂਦੇ ਹਨ, ਜਿਵੇਂ ਕਿ ਤੁਸੀਂ ਬੱਚਿਆਂ ਦੇ ਲਈ ਹੀ ਬਣਾਏ ਹੋਏ ਹਨ। ਇਵੇਂ - ਇਵੇਂ ਦੇ ਚੰਗੇ - ਚੰਗੇ ਗੀਤ ਹਨ। ਜਿਵੇਂ ਨੈਨਹੀਨ ਨੂੰ ਰਾਹ ਵਿਖਾਓ ਪ੍ਰਭੂ। ਪ੍ਰਭੂ ਕੋਈ ਕ੍ਰਿਸ਼ਨ ਨੂੰ ਥੋੜ੍ਹੇਹੀ ਕਹਿੰਦੇ ਹਨ। ਪ੍ਰਭੂ ਜਾਂ ਈਸ਼ਵਰ ਨਿਰਾਕਾਰ ਨੂੰ ਹੀ ਕਹਾਂਗੇ। ਇੱਥੇ ਤੁਸੀਂ ਕਹਿੰਦੇ ਹੋ ਬਾਬਾ, ਪਰਮਪਿਤਾ ਪ੍ਰਮਾਤਮਾ ਹੈ। ਹੈ ਤਾਂ ਉਹ ਵੀ ਆਤਮਾ ਨਾ। ਭਗਤੀ ਮਾਰਗ ਵਿੱਚ ਬਹੁਤ ਟੂ ਮੱਚ ਚਲੇ ਗਏ ਹਨ। ਇੱਥੇ ਤਾਂ ਬਿਲਕੁਲ ਸਿੰਪਲ ਗੱਲ ਹੈ। ਅਲਫ਼ ਅਤੇ ਬੇ। ਅਲਫ਼ ਅਲਾਹ, ਬੇ ਬਾਦਸ਼ਾਹੀ - ਇੰਨੀ ਤਾਂ ਸਿੰਪਲ ਗੱਲ ਹੈ। ਬਾਪ ਨੂੰ ਯਾਦ ਕਰੋ ਤਾਂ ਤੁਸੀਂ ਸਵਰਗ ਦੇ ਮਾਲਿਕ ਬਣੋਗੇ। ਬਰੋਬਰ ਇਹ ਲਕਸ਼ਮੀ - ਨਾਰਾਇਣ ਸਵਰਗ ਦੇ ਮਾਲਿਕ, ਸੰਪੂਰਨ ਨਿਰਵਿਕਾਰੀ ਸੀ। ਤਾਂ ਬਾਪ ਨੂੰ ਯਾਦ ਕਰਨ ਨਾਲ ਹੀ ਤੁਸੀਂ ਇਹੋ ਜਿਹਾ ਸੰਪੂਰਨ ਬਣੋਗੇ। ਜਿਨਾਂ ਜੋ ਯਾਦ ਕਰਦੇ ਹਨ ਅਤੇ ਸਰਵਿਸ ਕਰਦੇ ਹਨ ਉਨ੍ਹਾਂ ਉਹ ਉੱਚ ਪਦ ਪਾਉਂਦੇ ਹਨ। ਉਹ ਸਮਝ ਵਿੱਚ ਵੀ ਆਉਂਦਾ ਹੈ, ਸਕੂਲ ਵਿੱਚ ਸਟੂਡੈਂਟ ਸਮਝਦੇ ਨਹੀਂ ਹਨ ਕੀ ਅਸੀਂ ਘੱਟ ਪੜ੍ਹਦੇ ਹਾਂ! ਜੋ ਪੂਰਾ ਅਟੈਂਸ਼ਨ ਨਹੀਂ ਦਿੰਦੇ ਹਨ ਤਾਂ ਪਿਛਾੜੀ ਵਿੱਚ ਬੈਠੇ ਰਹਿੰਦੇ ਹਨ, ਤਾਂ ਜ਼ਰੂਰ ਫੇਲ੍ਹ ਹੋ ਜਾਣਗੇ।

ਆਪਣੇ ਆਪਨੂੰ ਰਿਫ੍ਰੇਸ਼ ਕਰਨ ਦੇ ਲਈ ਗਿਆਨ ਦੇ ਜੋ ਚੰਗੇ - ਚੰਗੇ ਗੀਤ ਬਣੇ ਹੋਏ ਹਨ ਉਨ੍ਹਾਂ ਨੂੰ ਸੁਣਨਾ ਚਾਹੀਦਾ। ਇਵੇਂ - ਇਵੇਂ ਗੀਤ ਆਪਣੇ ਘਰ ਵਿੱਚ ਰੱਖਣੇ ਚਾਹੀਦੇ। ਕਿਸੇ ਨੂੰ ਇਸ ਤੇ ਸਮਝਾ ਵੀ ਸੱਕੋਗੇ। ਕਿਵੇਂ ਮਾਇਆ ਦਾ ਫ਼ੇਰ ਤੋਂ ਪਰਛਾਵਾਂ ਪੈਂਦਾ ਹੈ। ਸ਼ਾਸਤ੍ਰਾਂ ਵਿੱਚ ਤਾਂ ਇਹ ਗੱਲਾਂ ਹਨ ਨਹੀਂ ਕਿ ਕਲਪ ਦੀ ਉਮਰ 5 ਹਜ਼ਾਰ ਵਰ੍ਹੇ ਹੈ। ਬ੍ਰਹਮਾ ਦਾ ਦਿਨ ਅਤੇ ਬ੍ਰਹਮਾ ਦੀ ਰਾਤ ਅੱਧਾ - ਅੱਧਾ ਹੈ। ਇਹ ਗੀਤ ਵੀ ਕਿਸੇ ਨੇ ਤਾਂ ਬਣਵਾਏ ਹਨ। ਬਾਪ ਬੁੱਧੀਵਾਨਾ ਦੀ ਬੁੱਧੀ ਹੈ ਤਾਂ ਕੋਈ ਦੀ ਬੁੱਧੀ ਵਿੱਚ ਆਇਆ ਹੈ ਜੋ ਬੈਠ ਬਣਾਇਆ ਹੈ। ਇਨ੍ਹਾਂ ਗੀਤਾਂ ਆਦਿ ਨਾਲ ਵੀ ਤੁਹਾਡੇ ਕੋਲ ਕਿੰਨੇ ਧਿਆਨ ਵਿੱਚ ਜਾਂਦੇ ਸੀ। ਇੱਕ ਦਿਨ ਆਵੇਗਾ ਜੋ ਇਸ ਗਿਆਨ ਦੇ ਗੀਤ ਗਾਉਣ ਵਾਲੇ ਵੀ ਤੁਹਾਡੇ ਕੋਲ ਆਉਣਗੇ। ਬਾਪ ਦੀ ਮਹਿਮਾ ਵਿੱਚ ਇਹੋ ਜਿਹਾ ਗੀਤ ਗਾਉਣਗੇ ਜੋ ਘਾਇਲ ਕਰ ਦੇਣਗੇ। ਇਵੇਂ - ਇਵੇਂ ਆਉਣਗੇ। ਟਿਯੂਨ ਤੇ ਵੀ ਮਦਾਰ ਰਹਿੰਦਾ ਹੈ। ਗਾਇਨ ਵਿੱਦਿਆ ਦਾ ਵੀ ਬਹੁਤ ਨਾਮ ਹੈ। ਹੁਣ ਤਾਂ ਇਵੇਂ ਕੋਈ ਹੈ ਨਹੀਂ। ਸਿਰਫ਼ ਇੱਕ ਗੀਤ ਬਣਾਇਆ ਸੀ ਕਿੰਨਾ ਮਿੱਠਾ ਕਿੰਨਾ ਪਿਆਰਾ... ਬਾਪ ਬਹੁਤ ਹੀ ਮਿੱਠਾ ਬਹੁਤ ਹੀ ਪਿਆਰਾ ਹੈ ਤਾਂ ਹੀ ਤਾਂ ਸਭ ਉਨ੍ਹਾਂ ਨੂੰ ਯਾਦ ਕਰਦੇ ਹਨ। ਇਵੇਂ ਨਹੀਂ ਕਿ ਦੇਵਤਾ ਉਨ੍ਹਾਂ ਨੂੰ ਯਾਦ ਕਰਦੇ ਹਨ। ਚਿੱਤਰਾਂ ਵਿੱਚ ਰਾਮ ਦੇ ਅੱਗੇ ਵੀ ਸ਼ਿਵ ਵਿਖਾਇਆ ਹੈ, ਰਾਮ ਪੂਜਾ ਕਰ ਰਿਹਾ ਹੈ। ਇਹ ਹੈ ਗ਼ਲਤ। ਦੇਵਤਾ ਥੋੜ੍ਹੇਹੀ ਕਿਸੇ ਨੂੰ ਯਾਦ ਕਰਦੇ ਹਨ। ਯਾਦ ਮਨੁੱਖ ਕਰਦੇ ਹਨ। ਤੁਸੀਂ ਵੀ ਹੁਣ ਮਨੁੱਖ ਹੋ ਫ਼ੇਰ ਦੇਵਤਾ ਬਣੋਗੇ। ਦੇਵਤਾ ਅਤੇ ਮਨੁੱਖ ਵਿੱਚ ਰਾਤ - ਦਿਨ ਦਾ ਫ਼ਰਕ ਹੈ। ਉਹੀ ਦੇਵਤਾ ਫੇਰ ਮਨੁੱਖ ਬਣਦੇ ਹਨ। ਕਿਵੇਂ ਚੱਕਰ ਫ਼ਿਰਦਾ ਰਹਿੰਦਾ ਹੈ, ਕਿਸੇ ਨੂੰ ਵੀ ਪਤਾ ਨਹੀਂ ਹੈ। ਤੁਹਾਨੂੰ ਹੁਣ ਪਤਾ ਪਿਆ ਹੈ ਕਿ ਅਸੀਂ ਸੱਚ - ਸੱਚ ਦੇਵਤਾ ਬਣਦੇ ਹਾਂ। ਹੁਣ ਅਸੀਂ ਬ੍ਰਾਹਮਣ ਹਾਂ, ਨਵੀਂ ਦੁਨੀਆਂ ਵਿੱਚ ਦੇਵਤਾ ਕਹਾਵਾਂਗੇ। ਹੁਣ ਤੁਸੀਂ ਵੰਡਰ ਖਾਂਦੇ ਹੋ। ਇਹ ਬ੍ਰਹਮਾ ਖ਼ੁਦ ਹੀ ਜੋ ਇਸ ਜਨਮ ਵਿੱਚ ਪਹਿਲੇ ਪੁਜਾਰੀ ਸੀ, ਸ਼੍ਰੀ ਨਾਰਾਇਣ ਦੀ ਮਹਿਮਾ ਗਾਉਂਦੇ ਸੀ, ਨਾਰਾਇਣ ਨਾਲ ਬੜਾ ਪ੍ਰੇਮ ਸੀ। ਹੁਣ ਵੰਡਰ ਲੱਗਦਾ ਹੈ, ਅਸੀਂ ਉਹ ਬਣ ਰਹੇ ਹਾਂ। ਤਾਂ ਕਿੰਨਾ ਖੁਸ਼ੀ ਦਾ ਪਾਰਾ ਚੜ੍ਹਨਾ ਚਾਹੀਦਾ। ਤੁਸੀਂ ਹੀ ਅਨਨੋਨ ਵਾਰਿਅਰਸ, ਨਾਨ ਵਾਇਲੈਂਸ। ਸੱਚਮੁੱਚ ਤੁਸੀਂ ਡਬਲ ਅਹਿੰਸਕ ਹੋ। ਨਾ ਕਾਮ ਕਟਾਰੀ, ਨਾ ਉਹ ਲੜ੍ਹਾਈ। ਕਾਮ ਵੱਖ ਹੈ, ਕਰੋਧ ਵੱਖ ਚੀਜ਼ ਹੈ। ਤਾਂ ਤੁਸੀਂ ਹੋ ਡਬਲ ਅਹਿੰਸਕ। ਨਾਨ ਵਾਇਲੈਂਸ ਸੇਵਾ। ਸੈਨਾ ਅੱਖਰ ਨਾਲ ਉਨ੍ਹਾਂ ਨੇ ਫ਼ੇਰ ਸੈਨਾਵਾਂ ਖੜੀਆਂ ਕਰ ਦਿਤੀਆਂ ਹਨ। ਮਹਾਭਾਰਤ ਲੜ੍ਹਾਈ ਵਿੱਚ ਮੇਲਸ ਦੇ ਨਾਮ ਵਿਖਾਏ ਹਨ। ਫੀਮੇਲਸ ਨਹੀਂ ਹਨ। ਅਸਲ ਵਿੱਚ ਤੁਸੀਂ ਹੋ ਸ਼ਿਵ ਸ਼ਕਤੀਆਂ। ਮੈਜਾਰਿਟੀ ਤੁਹਾਡੀ ਹੋਣ ਦੇ ਕਾਰਨ ਸ਼ਿਵ ਸ਼ਕਤੀ ਸੈਨਾ ਕਿਹਾ ਜਾਂਦਾ ਹੈ। ਇਹ ਗੱਲਾਂ ਬਾਪ ਹੀ ਬੈਠ ਸਮਝਾਉਂਦੇ ਹਨ।

ਹੁਣ ਤੁਸੀਂ ਬੱਚੇ ਨਵਯੁਗ ਨੂੰ ਯਾਦ ਕਰਦੇ ਹੋ। ਦੁਨੀਆਂ ਵਿੱਚ ਕੋਈ ਨੂੰ ਵੀ ਨਵਯੁਗ ਦਾ ਪਤਾ ਨਹੀਂ ਹੈ। ਉਹ ਤਾਂ ਸਮਝਦੇ ਹਨ ਨਵਯੁਗ 40 ਹਜ਼ਾਰ ਵਰ੍ਹੇ ਬਾਦ ਆਵੇਗਾ। ਸਤਿਯੁਗ ਨਵਯੁਗ ਹੈ, ਇਹ ਤਾਂ ਬੜਾ ਕਲੀਅਰ ਹੈ। ਤਾਂ ਬਾਬਾ ਰਾਏ ਦਿੰਦੇ ਹਨ ਇਵੇਂ - ਇਵੇਂ ਚੰਗੇ ਗੀਤ ਵੀ ਸੁਣਕੇ ਰਿਫ੍ਰੇਸ਼ ਹੋਵੋਗੇ ਅਤੇ ਕਿਸੇ ਨੂੰ ਸਮਝਾਵੋਗੇ ਵੀ। ਇਹ ਸਭ ਯੁਕਤੀਆਂ ਹਨ। ਇਨ੍ਹਾਂ ਦਾ ਅਰ੍ਥ ਵੀ ਸਿਰਫ਼ ਤੁਸੀਂ ਹੀ ਸਮਝ ਸਕਦੇ ਹੋ। ਬਹੁਤ ਚੰਗੇ - ਚੰਗੇ ਗੀਤ ਹਨ ਆਪਨੇ ਨੂੰ ਰਿਫ੍ਰੇਸ਼ ਕਰਨ ਦੇ ਲਈ। ਇਹ ਗੀਤ ਬਹੁਤ ਮਦਦ ਕਰਦੇ ਹਨ। ਅਰ੍ਥ ਕਰਨਾ ਚਾਹੀਦਾ ਤਾਂ ਮੁੱਖ ਖੁਲ੍ਹ ਜਾਵੇਗਾ, ਖੁਸ਼ੀ ਵੀ ਹੋਵੇਗੀ। ਬਾਕੀ ਕੋਈ ਜ਼ਿਆਦਾ ਧਾਰਨਾ ਨਹੀਂ ਕਰ ਸਕਦੇ ਹਨ ਉਨ੍ਹਾਂ ਦੇ ਲਈ ਬਾਪ ਕਹਿੰਦੇ ਹਨ ਘਰ ਬੈਠੇ ਬਾਪ ਨੂੰ ਯਾਦ ਕਰਦੇ ਰਹੋ। ਗ੍ਰਿਹਸਤ ਵਿਵਹਾਰ ਵਿੱਚ ਰਹਿੰਦੇ ਸਿਰਫ਼ ਇਹ ਮੰਤਰ ਯਾਦ ਰੱਖੋ - ਬਾਪ ਨੂੰ ਯਾਦ ਕਰੋ ਅਤੇ ਪਵਿੱਤਰ ਬਣੋ। ਅੱਗੇ ਪੁਰਸ਼ ਲੋਕ ਪਤਨੀ ਨੂੰ ਕਹਿੰਦੇ ਸੀ ਭਗਵਾਨ ਨੂੰ ਤਾਂ ਘਰ ਵਿੱਚ ਵੀ ਯਾਦ ਕਰ ਸਕਦੇ ਹੋ ਫ਼ੇਰ ਮੰਦਿਰਾਂ ਆਦਿ ਵਿੱਚ ਭੱਟਕਣ ਦੀ ਕੀ ਲੋੜ ਹੈ? ਅਸੀਂ ਤੁਹਾਨੂੰ ਘਰ ਵਿੱਚ ਮੂਰਤੀ ਦੇ ਦਿੰਦੇ ਹਾਂ, ਇੱਥੇ ਬੈਠ ਯਾਦ ਕਰੋ, ਧੱਕਾ ਖਾਣ ਕਿਉਂ ਜਾਂਦੀਆਂ ਹੋ? ਇਵੇਂ ਬਹੁਤ ਪੁਰਸ਼ ਲੋਕ ਇਸਤ੍ਰੀਆਂ ਨੂੰ ਜਾਣ ਨਹੀਂ ਦਿੰਦੇ ਸੀ। ਚੀਜ਼ ਤਾਂ ਇੱਕ ਹੀ ਹੈ, ਪੂਜਾ ਕਰਨਾ ਹੈ ਅਤੇ ਯਾਦ ਕਰਨਾ ਹੈ। ਜਦਕਿ ਇੱਕ ਵਾਰ ਵੇਖ ਲਿਆ ਫ਼ੇਰ ਤਾਂ ਇਵੇਂ ਵੀ ਯਾਦ ਕਰ ਸਕਦੇ ਹਨ। ਕ੍ਰਿਸ਼ਨ ਦਾ ਚਿੱਤਰ ਤਾਂ ਕਾਮਨ ਹੈ - ਮੋਰਮੁਕੁਟਧਾਰੀ। ਤੁਸੀਂ ਬੱਚਿਆਂ ਨੇ ਸ਼ਾਖਸ਼ਤਕਾਰ ਕੀਤਾ ਹੈ - ਕਿਵੇਂ ਉੱਥੇ ਜਨਮ ਹੁੰਦਾ ਹੈ, ਉਹ ਵੀ ਸ਼ਾਖਸ਼ਤਕਾਰ ਕੀਤਾ ਹੈ, ਪਰ ਕੀ ਤੁਸੀਂ ਉਸਦਾ ਫ਼ੋਟੋ ਕੱਢ ਸਕਦੇ ਹੋ? ਐਕੂਰੇਟ ਕੋਈ ਕੱਢ ਨਾ ਸਕੇ। ਦਿਵਯ ਦ੍ਰਿਸ਼ਟੀ ਨਾਲ ਸਿਰਫ਼ ਵੇਖ ਹੀ ਸਕਦੇ ਹਨ, ਬਣਾ ਨਹੀਂ ਸਕਦੇ, ਹਾਂ ਵੇਖਕੇ ਵਰਨਣ ਕਰ ਸਕਦੇ ਹੋ, ਬਾਕੀ ਉਹ ਪੇਂਟ ਆਦਿ ਨਹੀਂ ਕਰ ਸਕਦੇ। ਭਾਵੇਂ ਹੁਸ਼ਿਆਰ ਪੇਂਟਰ ਹੋਵੇ, ਸ਼ਾਖਸ਼ਤਕਾਰ ਵੀ ਕਰਨ ਤਾਂ ਵੀ ਐਕੂਰੇਟ ਫੀਚਰਸ ਕੱਢ ਨਾ ਸੱਕਣ। ਤਾਂ ਬਾਬਾ ਨੇ ਸਮਝਾਇਆ, ਕਿਸੇ ਨਾਲ ਬਹਿਸ ਜ਼ਿਆਦਾ ਨਹੀਂ ਕਰਨੀ ਹੈ। ਬੋਲੋ - ਤੁਹਾਨੂੰ ਪਾਵਨ ਬਣਨ

ਨਾਲ ਕੰਮ। ਹੋਰ ਸ਼ਾਂਤੀ ਮੰਗਦੇ ਹੋ ਤਾਂ ਬਾਪ ਨੂੰ ਯਾਦ ਕਰੋ ਅਤੇ ਪਵਿੱਤਰ ਬਣੋ। ਪਵਿੱਤਰ ਆਤਮਾ ਇੱਥੇ ਰਹਿ ਨਾ ਸਕੇ। ਉਹ ਚਲੀ ਜਾਵੇਗੀ ਵਾਪਿਸ। ਆਤਮਾਵਾਂ ਨੂੰ ਪਾਵਨ ਬਣਾਉਣ ਦੀ ਸ਼ਕਤੀ ਇੱਕ ਬਾਪ ਵਿੱਚ ਹੈ, ਹੋਰ ਕੋਈ ਪਾਵਨ ਬਣਾ ਨਹੀਂ ਸਕਦਾ। ਤੁਸੀਂ ਬੱਚੇ ਜਾਣਦੇ ਹੋ ਇਹ ਸਾਰੀ ਸ੍ਰੇਜ ਹੈ, ਇਸ ਤੇ ਨਾਟਕ ਹੁੰਦਾ ਹੈ। ਇਸ ਵਕ਼ਤ ਸਾਰੀ ਸ੍ਰੇਜ ਤੇ ਰਾਵਣ ਦਾ ਰਾਜ ਹੈ। ਸਾਰੇ ਸਮੁੰਦਰ ਤੇ ਸ੍ਰਿਸ਼ਟੀ ਖੜੀ ਹੈ। ਇਹ ਬੇਹੱਦ ਦਾ ਟਾਪੂ ਹੈ। ਉਹ ਹੈ ਬੇਹੱਦ ਦੀ ਗੱਲ। ਜਿਸ ਤੇ ਅੱਧਾ ਅੱਧਾਕਲਪ ਦੈਵੀ ਰਾਜ, ਅੱਧਾਕਲਪ ਆਸੁਰੀ ਰਾਜ ਹੁੰਦਾ ਹੈ। ਉਵੇਂ ਖੰਡ ਤਾਂ ਵੱਖ - ਵੱਖ ਹਨ, ਪਰ ਇਹ ਹੈ ਸਾਰੀ ਬੇਹੱਦ ਦੀ ਗੱਲ। ਤੁਸੀਂ ਜਾਣਦੇ ਹੋ ਅਸੀਂ ਗੰਗਾ ਜਮੁਨਾ ਨਦੀ ਦੇ ਮਿੱਠੇ ਪਾਣੀ ਦੇ ਕੰਢੇ ਤੇ ਹੀ ਹੋਵਾਂਗੇ। ਸਮੁੰਦਰ ਆਦਿ ਤੇ ਜਾਣ ਦੀ ਲੋੜ ਨਹੀਂ ਰਹਿੰਦੀ। ਇਹ ਜੋ ਦਵਾਰਿਕਾ ਕਹਿੰਦੇ ਹਨ, ਉਹ ਕੋਈ ਸਮੁੰਦਰ ਦੇ ਵਿੱਚ ਹੁੰਦੀ ਨਹੀਂ ਹੈ। ਦਵਾਰਿਕਾ ਕੋਈ ਦੂਜੀ ਚੀਜ਼ ਨਹੀਂ ਹੈ। ਤੁਸੀਂ ਬੱਚਿਆਂ ਨੇ ਸਭ ਸ਼ਾਖਸ਼ਤਕਾਰ ਕੀਤੇ ਹਨ। ਸ਼ੁਰੂ ਵਿੱਚ ਇਹ ਸੰਦੇਸ਼ੀ ਅਤੇ ਗੁਲਜ਼ਾਰ ਬਹੁਤ ਸ਼ਾਖਸ਼ਤਕਾਰ ਕਰਦੀਆਂ ਸੀ। ਇਨ੍ਹਾਂ ਨੇ ਬੜੇ ਪਾਰ੍ਹ ਵਜਾਏ ਹਨ ਕਿਉਂਕਿ ਭੱਠੀ ਵਿੱਚ ਬੱਚਿਆਂ ਨੂੰ ਬਹਿਲਾਣਾ ਸੀ। ਤਾਂ ਸ਼ਾਖਸ਼ਤਕਾਰ ਨਾਲ ਬਹੁਤ - ਬਹੁਤ ਬਹਿਲੇ ਹਨ। ਬਾਪ ਕਹਿੰਦੇ ਹਨ ਫ਼ੇਰ ਪਿਛਾੜੀ ਵਿੱਚ ਬਹੁਤ ਬਹਿਲਾਉਣਗੇ। ਉਹ ਪਾਰ੍ਹ ਫ਼ੇਰ ਹੋਰ ਹੈ। ਗੀਤ ਵੀ ਹੈ ਨਾ - ਅਸੀਂ ਜੋ ਵੇਖਿਆ ਉਹ ਤੁਸੀਂ ਨਹੀਂ ਵੇਖਿਆ। ਤੁਸੀਂ ਜ਼ਲਦੀ - ਜ਼ਲਦੀ ਸ਼ਾਖਸ਼ਾਤਕਾਰ ਕਰਦੇ ਰਹੋਗੇ। ਜਿਵੇਂ ਇਮਤਿਹਾਨ ਦੇ ਦਿਨ ਨਜ਼ਦੀਕ ਹੁੰਦੇ ਹਨ ਤਾਂ ਪਤਾ ਪੈਂਦਾ ਜਾਂਦਾ ਹੈ ਕਿ ਅਸੀਂ ਕਿੰਨੇ ਨੰਬਰ ਵਿੱਚ ਪਾਸ ਹੋਵਾਂਗੇ। ਤੁਹਾਡੀ ਵੀ ਇਹ ਪੜ੍ਹਾਈ ਹੈ। ਹੁਣ ਤੁਸੀਂ ਜਿਵੇਂ ਨਾਲੇਜ਼ਫੁੱਲ ਹੋ ਬੈਠੇ ਹੋ। ਸਭ ਫੁੱਲ ਤਾਂ ਨਹੀਂ ਹੁੰਦੇ ਹਨ। ਸਕੂਲ ਵਿੱਚ ਸਦਾ ਸਭ ਨੰਬਰਵਾਰ ਹੁੰਦੇ ਹਨ। ਇਹ ਵੀ ਨਾਲੇਜ਼ ਹੈ - ਮੂਲਵਤਨ, ਸੂਖਸ਼ਮਵਤਨ, ਤਿੰਨਾਂ ਲੋਕਾਂ ਦਾ ਤੁਹਾਨੂੰ ਗਿਆਨ ਹੈ। ਇਸ ਸ੍ਰਿਸ਼ਟੀ ਦੇ ਚੱਕਰ ਨੂੰ ਤੁਸੀਂ ਜਾਣਦੇ ਹੋ, ਇਹ ਫ਼ਿਰਦਾ ਰਹਿੰਦਾ ਹੈ। ਬਾਪ ਕਹਿੰਦੇ ਹਨ ਤੁਹਾਨੂੰ ਜੋ ਨਾਲੇਜ਼ ਦਿੱਤੀ ਹੈ, ਇਹ ਹੋਰ ਕੋਈ ਸਮਝਾ ਨਾ ਸਕੇ। ਤੁਹਾਡੇ ਤੇ ਹੈ ਬੇਹੱਦ ਦੀ ਦਸ਼ਾ। ਕਿਸੇ ਤੇ ਬ੍ਰਹਿਸਪਤੀ ਦੀ ਦਸ਼ਾ, ਕਿਸੇ ਤੇ ਰਾਹੂ ਦੀ ਦਸ਼ਾ ਹੁੰਦੀ ਹੈ ਤਾਂ ਜਾਕੇ ਚੰਡਾਲ ਆਦਿ ਬਣਨਗੇ। ਇਹ ਹੈ ਬੇਹੱਦ ਦੀ ਦਸ਼ਾ, ਉਹ ਹੁੰਦੀ ਹੈ ਹੱਦ ਦੀ ਦਸ਼ਾ। ਬੇਹੱਦ ਦਾ ਬਾਪ ਬੇਹੱਦ ਦੀਆਂ ਗੱਲਾਂ ਸੁਣਾਉਂਦੇ ਹਨ, ਬੇਹੱਦ ਦਾ ਵਰਸਾ ਦਿੰਦੇ ਹਨ। ਤੁਸੀਂ ਬੱਚਿਆਂ ਨੂੰ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ ਨਾ। ਤੁਸੀਂ ਅਨੇਕ ਵਾਰ ਬਾਦਸ਼ਾਹੀ ਲੀਤੀ ਹੈ ਅਤੇ ਗਵਾਈ ਹੈ, ਇਹ ਤਾਂ ਬਿਲਕੁਲ ਪੱਕੀ ਗੱਲ ਹੈ। ਨਥਿੰਗ ਨਿਊ, ਉਦੋਂ ਤੁਸੀਂ ਸਦੈਵ ਹਰਸ਼ਿਤ ਰਹਿ ਸਕੋਗੇ। ਨਹੀਂ ਤਾਂ ਮਾਇਆ ਘੁਟਕਾ ਖਵਾਉਂਦੀ ਹੈ।

ਤਾਂ ਤੁਸੀਂ ਸਭ ਆਸ਼ਿਕ ਹੋ ਇੱਕ ਮਾਸ਼ੂਕ ਦੇ। ਸਭ ਆਸ਼ਿਕ ਉਸ ਇੱਕ ਮਾਸ਼ੂਕ ਨੂੰ ਹੀ ਯਾਦ ਕਰਦੇ ਹਨ। ਉਹ ਆਕੇ ਸਭ ਨੂੰ ਸੁੱਖ ਦਿੰਦੇ ਹਨ। ਅੱਧਾਕਲਪ ਉਨ੍ਹਾਂ ਨੂੰ ਯਾਦ ਕੀਤਾ ਹੈ, ਹੁਣ ਉਹ ਮਿਲਿਆ ਹੈ ਤਾਂ ਕਿੰਨੀ ਖੁਸ਼ੀ ਹੋਣੀ ਚਾਹੀਦੀ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਦੈਵ ਹਰਸ਼ਿਤ ਰਹਿਣ ਦੇ ਲਈ ਨਥਿੰਗ ਨਿਊ ਦਾ ਪਾਠ ਪੱਕਾ ਕਰਨਾ ਹੈ। ਬੇਹੱਦ ਦਾ ਬਾਪ ਸਾਨੂੰ ਬੇਹੱਦ ਦੀ ਬਾਦਸ਼ਾਹੀ ਦੇ ਰਹੇ ਹਨ - ਇਸ ਖੁਸ਼ੀ ਵਿੱਚ ਰਹਿਣਾ ਹੈ।

2. ਗਿਆਨ ਦੇ ਚੰਗੇ - ਚੰਗੇ ਗੀਤ ਸੁਣਕੇ ਸਵੈ ਨੂੰ ਰਿਫ੍ਰੇਸ਼ ਕਰਨਾ ਹੈ। ਉਨ੍ਹਾਂ ਦਾ ਅਰ੍ਥ ਕੱਢ ਦੂਜਿਆਂ ਨੂੰ ਸੁਣਾਉਣਾ ਹੈ।

ਵਰਦਾਨ:- ਮਾਇਆ ਦੇ ਸੰਬੰਧਾਂ ਨੂੰ ਡੀਵੋਰਸ ਦੇਕੇ ਬਾਪ ਦੇ ਸੰਬੰਧ ਨਾਲ ਸੌਦਾ ਕਰਨ ਵਾਲੇ ਮਾਇਆਜਿੱਤ, ਮੋਹਜਿੱਤ ਭਵ।
ਹੁਣ ਸਮ੍ਰਿਤੀ ਤੋਂ ਪੁਰਾਣਾ ਸੌਦਾ ਕੈਂਸਲ ਕਰ ਸਿੰਗਲ ਬਣੋ। ਆਪਸ ਵਿੱਚ ਇੱਕ ਦੂਜੇ ਦੇ ਸਹਿਯੋਗੀ ਭਾਵੇਂ ਰਹੋ ਪਰ ਕੰਪੇਨਿਅਨ ਨਹੀਂ। ਕੰਪੇਨਿਆਨ ਇੱਕ ਨੂੰ ਬਣਾਓ ਤਾਂ ਮਾਇਆ ਦੇ ਸੰਬੰਧਾਂ ਤੋਂ ਡੀਵੋਰਸ ਹੋ ਜਾਵੇਗਾ। ਮਾਇਆਜਿੱਤ, ਮੋਹਜਿੱਤ ਵਿਜੇਈ ਰਹਿਣਗੇ। ਜੇਕਰ ਜਰਾ ਵੀ ਕਿਸੇ ਵਿਚ ਮੋਹ ਹੋਵੇਗਾ ਤਾਂ ਤੀਵ੍ਰ ਪੁਰਸ਼ਾਰਥੀ ਦੀ ਬਜਾਏ ਪੁਰਸ਼ਾਰਥੀ ਬਣ ਜਾਵੋਗੇ ਇਸਲਈ ਕੁਝ ਵੀ ਹੋਵੇ, ਖੁਸ਼ੀ ਵਿੱਚ ਨੱਚਦੇ ਰਹੋ, ਮਿਰੂਆ ਮੌਤ, ਮਲੂਕਾ ਸ਼ਿਕਾਰ – ਇਸ ਨੂੰ ਕਹਿੰਦੇ ਹਨ ਨਸ਼ਟੋਮੋਹਾ। ਅਜਿਹੇ ਨਸ਼ਟੋ ਮੋਹਾ ਰਹਿਣ ਵਾਲੇ ਹੀ ਵਿਜੇ ਮਾਲਾ ਦੇ ਦਾਣੇ ਬਣਦੇ ਹਨ।

ਸਲੋਗਨ:- ਸਤਿਅਤਾ ਦੀ ਵਿਸ਼ੇਸ਼ਤਾ ਨਾਲ ਡਾਇਮੰਡ ਦੀ ਚਮਕ ਨੂੰ ਵਧਾਓ।

******

ਅਵਿਅਕਤ ਇਸ਼ਾਰੇ : ਇਕਾਂਤਪ੍ਰਿਯ ਬਣੋ ਏਕਤਾ ਅਤੇ ਇਕਾਗ੍ਰਤਾ ਨੂੰ ਅਪਣਾਓ।

ਇਕਾਂਤਪ੍ਰਿਯ ਬਣੋ ਏਕਤਾ ਅਤੇ ਇਕਾਗ੍ਰਤਾ ਨੂੰ ਅਪਣਾਓ। ਬਾਪਦਾਦਾ ਚਾਹੁੰਦੇ ਹਨ ਕਿ ਹਰ ਬੱਚਾ ਇੱਕਰਸ ਸ੍ਰੇਸ਼ਠ ਸਥਿਤੀ ਦੇ ਆਸਨਧਾਰੀ, ਇਕਾਂਤਵਾਸੀ, ਅਸ਼ਰੀਰੀ, ਏਕਤਾ ਸਥਾਪਕ ਇੱਕਨਾਮੀ, ਏਕਾਨਾਮੀ ਦਾ ਅਵਤਾਰ ਬਣਨ। ਇੱਕ ਦੂਜੇ ਡੇ ਵਿਚਾਰਾਂ ਨੂੰ ਸਮਝ ਸਨਮਾਨ ਦੇਣ, ਇੱਕ ਦੂਜੇ ਨੂੰ ਇਸ਼ਾਰਾ ਦੇਣ, ਲੈਣ - ਦੇਣ ਕਰ ਆਪਸ ਵਿੱਚ ਸੰਗਠਨ ਦੀ ਸ਼ਕਤੀ ਦਾ ਰੂਪ ਪ੍ਰਤੱਖ ਕਰੋ ਕਿਉਂਕਿ ਤੁਹਾਡੇ ਸੰਗਠਨ ਦੀ ਏਕਤਾ ਦੀ ਸ਼ਕਤੀ ਸਾਰੇ ਬ੍ਰਾਹਮਣ ਪਰਿਵਾਰ ਨੂੰ ਸੰਗਠਨ ਵਿੱਚ ਲਿਆਉਣ ਦੇ ਨਿਮਿਤ ਬਣੇਗੀ।